EUROPEAN UNION AGENCY FOR ASYLUM

# ਪਰਿਵਾਰਕ ਟ੍ਰੇਸਿੰਗ (ਬਾਲਗ)

# ਫਾਰਮ

EUROPEAN UNION AGENCY FOR ASYLUM

ਦਸਤਾਵੇਜ਼ 2025 ਵਿੱਚ ਪੂਰਾ ਕੀਤਾ ਗਿਆ
ਇਸ ਪ੍ਰਕਾਸ਼ਨ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ।
ਲਕਸਮਬਰਗ: ਯੂਰਪੀਅਨ ਯੂਨੀਅਨ ਦਾ ਪ੍ਰਕਾਸ਼ਨ ਦਫ਼ਤਰ, 2025

PDF ISBN 978-92-9410-790-9 doi:10.2847/9517251 BZ-01-25-034-EN-N

© ਅਸਾਇਲਮ ਲਈ ਯੂਰਪੀਅਨ ਯੂਨੀਅਨ ਏਜੰਸੀ (EUAA), 2025
ਸਰੋਤ ਦੀ ਪੁਸ਼ਟੀ ਹੋਣ 'ਤੇ ਪੁਨਰ ਪ੍ਰਸਤੁਤੀਕਰਨ ਦੀ ਇਜਾਜ਼ਤ ਹੈ।

| | |
|---|---|
| **EU+ ਦੇਸ਼ ਦਾ ਨਾਮ** | |
| **ਨੈਸ਼ਨਲ ਅਥਾਰਟੀ ਦਾ ਪਤਾ** | |
| **EU+ ਦੇਸ਼ ਸੰਬੰਧੀ ਜਾਣਕਾਰੀ ਕਿ ਇਸ ਫਾਰਮ ਨੂੰ ਕਿਵੇਂ ਅਤੇ ਕਿੱਥੇ ਜਮ੍ਹਾਂ ਕਰਨਾ ਹੈ** | *ਇਹ EU+ ਦੇਸ਼ਾਂ ਲਈ ਇਸ ਫਾਰਮ ਨੂੰ ਜਮ੍ਹਾਂ ਕਰਾਉਣ ਸੰਬੰਧੀ ਸੰਬੰਧਿਤ ਰੂਪ-ਰੇਖਾਵਾਂ ਨੂੰ ਸ਼ਾਮਲ ਕਰਨ ਦਾ ਇੱਕ ਸਥਾਨ ਹੈ।*<br>*ਇਹ ਫਾਰਮ ਕਿਵੇਂ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ? ਕਿਹੜੇ ਪਤੇ 'ਤੇ? ਕਦੋਂ ਤੱਕ?* |

# ਪਰਿਵਾਰਕ ਟ੍ਰੇਸਿੰਗ ਫਾਰਮ (ਬਾਲਗ)

## ਮੈਨੂੰ ਇਹ ਫਾਰਮ ਕਿਉਂ ਦਿੱਤਾ ਗਿਆ ਹੈ?

ਇਸ ਦੇਸ਼ ਦੀਆਂ ਅਥਾਰਿਟੀਜ਼ ਨੇ ਤੁਹਾਨੂੰ ਇਹ ਫਾਰਮ [1] ਦਿੱਤਾ ਹੈ ਕਿਉਂਕਿ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਬੇਨਤੀ ਦਿੱਤੀ ਹੈ ਅਤੇ ਕਿਹਾ ਹੈ ਕਿ ਤੁਹਾਡਾ ਇੱਕ ਪਰਿਵਾਰਕ ਮੈਂਬਰ ਯੂਰਪੀਅਨ ਯੂਨੀਅਨ ਦੇ ਮੈਂਬਰ ਸਟੇਟ ਜਾਂ ਕਿਸੇ ਸੰਬੰਧਿਤ ਦੇਸ਼ (ਜਿਸਨੂੰ EU+ ਦੇਸ਼ ਕਿਹਾ ਜਾਂਦਾ ਹੈ) ਵਿੱਚ ਹੈ।

ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ ਬੈਲਜੀਅਮ, ਬੁਲਗਾਰੀਆ, ਚੈੱਕ ਗਣਰਾਜ, ਡੈਨਮਾਰਕ, ਜਰਮਨੀ, ਐਸਟੋਨੀਆ, ਆਇਰਲੈਂਡ, ਗ੍ਰੀਸ, ਸਪੇਨ, ਫ੍ਰਾਂਸ, ਕਰੋਸ਼ੀਆ, ਇਟਲੀ, ਸਾਈਪ੍ਰਸ, ਲਾਤਵੀਆ, ਲਿਥੁਆਨੀਆ, ਲਕਸਮਬਰਗ, ਹੰਗਰੀ, ਮਾਲਟਾ, ਨੀਦਰਲੈਂਡ, ਆਸਟਰੀਆ, ਪੋਲੈਂਡ, ਪੁਰਤਗਾਲ, ਰੋਮਾਨੀਆ, ਸਲੋਵੇਨੀਆ, ਸਲੋਵਾਕੀਆ, ਫਿਨਲੈਂਡ ਅਤੇ ਸਵੀਡਨ ਹਨ। ਚਾਰ ਸੰਬੰਧਿਤ ਦੇਸ਼ ਆਈਸਲੈਂਡ, ਲੀਚਟਨਸਟਾਈਨ, ਨਾਰਵੇ ਅਤੇ ਸਵਿਟਜ਼ਰਲੈਂਡ ਹਨ।

ਇਸ ਫਾਰਮ ਵਿੱਚ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਇਸ ਦੇਸ਼ ਦੀਆਂ ਅਥਾਰਿਟੀਜ਼ ਨੂੰ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਲੱਭਣ, ਤੁਹਾਡੇ ਕੇਸ ਨੂੰ ਤਰਜੀਹ ਦੇਣ ਅਤੇ EU+ ਦੇਸ਼ ਨੂੰ ਲੱਭਣ ਵਿੱਚ ਮਦਦ ਕਰੇਗੀ ਜਿਸਨੂੰ ਤੁਹਾਡੀ ਬੇਨਤੀ ਦੀ ਜਾਂਚ ਕਰਨੀ ਚਾਹੀਦੀ ਹੈ। ਕਿਉਂਕਿ ਤੁਹਾਡੇ ਪਰਿਵਾਰ ਦੇ ਮੈਂਬਰ ਕਿਸੇ ਹੋਰ EU+ ਦੇਸ਼ ਵਿੱਚ ਹਨ, ਜਿਸ ਦੇਸ਼ ਵਿੱਚ ਤੁਹਾਡਾ ਪਰਿਵਾਰਕ ਮੈਂਬਰ ਮੌਜੂਦ ਹੈ ਉਹ ਤੁਹਾਡੀ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੋ ਸਕਦਾ ਹੈ।

**ਮਹੱਤਵਪੂਰਨ।** ਜੇਕਰ ਤੁਹਾਨੂੰ ਇਸ ਫਾਰਮ ਨੂੰ ਭਰਨ ਵਿੱਚ ਕਿਸੇ ਸਹਾਇਤਾ ਦੀ ਲੋੜ ਹੈ ਤਾਂ ਅਥਾਰਿਟੀਜ਼ ਨੂੰ ਦੱਸੋ।

## ਮੈਨੂੰ ਇਹ ਫਾਰਮ ਭਰਨ ਲਈ ਕਿਉਂ ਕਿਹਾ ਗਿਆ ਹੈ?

ਇਸ ਦੇਸ਼ ਦੀਆਂ ਅਥਾਰਿਟੀਜ਼ ਨੂੰ ਇਹ ਜਾਣਨ ਦੀ ਲੋੜ ਹੈ ਕਿ ਕੀ ਤੁਹਾਡੇ ਕਿਸੇ ਵੀ EU+ ਦੇਸ਼ ਵਿੱਚ ਪਰਿਵਾਰਕ ਮੈਂਬਰ ਹਨ ਜਾਂ ਨਹੀਂ। ਜੇਕਰ ਅਜਿਹਾ ਹੈ, ਤਾਂ ਉਹ ਦੇਸ਼ ਜਿੱਥੇ ਉਹ ਰਹਿ ਰਹੇ ਹਨ, ਤੁਹਾਡੀ ਅਰਜ਼ੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹੋ ਸਕਦਾ ਹੈ।

ਜੇਕਰ ਤੁਸੀਂ ਉਨ੍ਹਾਂ ਨਾਲ ਰਹਿਣਾ ਚਾਹੁੰਦੇ ਹੋ ਤਾਂ ਇਸ ਦੇਸ਼ ਦੇ ਅਧਿਕਾਰੀ EU+ ਦੇਸ਼ਾਂ ਵਿੱਚ ਤੁਹਾਡੇ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਮਿਲਣ ਵਿੱਚ ਤੁਹਾਡੀ ਮਦਦ ਕਰਨਾ ਵੀ ਚਾਹੁੰਦੇ ਹਨ। ਜੇਕਰ ਤੁਸੀਂ ਆਪਣੇ ਪਰਿਵਾਰਕ ਮੈਂਬਰ ਨਾਲ ਦੁਬਾਰਾ ਮਿਲਣਾ ਚਾਹੁੰਦੇ ਹੋ, ਤਾਂ ਸਾਨੂੰ ਦੱਸੋ ਅਤੇ ਅਸੀਂ ਇਹ ਪਤਾ ਲਗਾਵਾਂਗੇ ਕਿ ਕੀ ਇਹ ਸੰਭਵ ਹੈ ਅਤੇ ਅਜਿਹਾ ਕਰਨ ਦੀ ਕੋਸ਼ਿਸ਼ ਕਰਾਂਗੇ। ਜੇਕਰ ਤੁਸੀਂ ਉਹਨਾਂ ਨਾਲ ਦੁਬਾਰਾ ਨਹੀਂ ਮਿਲਣਾ ਚਾਹੁੰਦੇ, ਤਾਂ ਸਾਨੂੰ ਜਲਦੀ ਤੋਂ ਜਲਦੀ ਦੱਸੋ।

### ਮੈਨੂੰ ਕਿਸ ਨਾਲ ਦੁਬਾਰਾ ਮਿਲਾਇਆ ਜਾ ਸਕਦਾ ਹੈ?

ਤੁਹਾਨੂੰ ਇੱਕ ਪਰਿਵਾਰਕ ਮੈਂਬਰ ਨਾਲ ਦੁਬਾਰਾ ਮਿਲਾਇਆ ਜਾ ਸਕਦਾ ਹੈ ਜੋ ਪਹਿਲਾਂ ਹੀ EU+ ਦੇਸ਼ ਵਿੱਚ ਰਹਿ ਰਿਹਾ ਹੈ। ਇਹ ਹਨ:
- ਤੁਹਾਡੀ ਪਤਨੀ ਜਾਂ ਪਤੀ - ਇਸ ਵਿਅਕਤੀ ਨੂੰ ਜੀਵਨ ਸਾਥੀ ਕਿਹਾ ਜਾਂਦਾ ਹੈ;

(1) PDF: BZ-01-25-006-EN-N and Print BZ-01-25-006-EN-C.

- ਇੱਕ ਸਥਿਰ ਰਿਸ਼ਤੇ ਵਿੱਚ ਤੁਹਾਡਾ ਅਣਵਿਆਹਿਆ ਸਾਥੀ (2);
- ਤੁਹਾਡਾ 18 ਸਾਲ ਤੋਂ ਘੱਟ ਉਮਰ ਦਾ ਬੱਚਾ (3).

ਹੇਠ ਲਿਖੀ ਅਵਸਥਾ ਕਾਰਨ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਨਾਲ ਵੀ ਦੁਬਾਰਾ ਮਿਲਾਇਆ ਜਾ ਸਕਦਾ ਹੈ ਜਿਸਨੂੰ ਤੁਹਾਡੀ ਦੇਖਭਾਲ ਦੀ ਲੋੜ ਹੈ ਜਾਂ ਇੱਕ ਅਜਿਹੇ ਵਿਅਕਤੀ ਜਿਸ 'ਤੇ ਤੁਸੀਂ ਦੇਖਭਾਲ ਲਈ ਨਿਰਭਰ ਕਰਦੇ ਹੋ:
- ਗਰਭ ਅਵਸਥਾ;
- ਨਵਜੰਮੇ ਬੱਚੇ ਦਾ ਜਨਮ;
- ਗੰਭੀਰ ਮਾਨਸਿਕ ਬਿਮਾਰੀ;
- ਗੰਭੀਰ ਸਰੀਰਕ ਬਿਮਾਰੀ;
- ਗੰਭੀਰ ਵਿਕਲਾਂਗਤਾ;
- ਗੰਭੀਰ ਮਨੋਵਿਗਿਆਨਕ ਟਰ੍ਹਾਮਾ;
- ਬੁਜ਼ੁਰਗ ਅਵਸਥਾ।

ਇਹ ਵਿਅਕਤੀ ਹੋ ਸਕਦਾ ਹੈ:
- ਤੁਹਾਡਾ ਬੱਚਾ (ਨਾਬਾਲਗ ਜਾਂ ਬਾਲਗ);
- ਤੁਹਾਡਾ ਭੈਣ-ਭਰਾ;
- ਤੁਹਾਡੇ ਮਾਤਾ-ਪਿਤਾ।

**ਜੇਕਰ ਤੁਹਾਡਾ ਕੋਈ ਪਰਿਵਾਰਕ ਮੈਂਬਰ ਕਿਸੇ EU+ ਦੇਸ਼ ਵਿੱਚ ਹੈ, ਤਾਂ ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਪ੍ਰਾਪਤ ਹਨ।**

- ਤੁਸੀਂ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਜਾਣਕਾਰੀ ਦੀ ਬੇਨਤੀ ਕਰ ਸਕਦੇ ਹੋ ਜੋ ਤੁਹਾਨੂੰ ਇਸ ਫਾਰਮ ਨੂੰ ਭਰਨ ਵਿੱਚ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਹੋ।
- ਤੁਸੀਂ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਹੋਰ ਸੰਬੰਧਿਤ ਸੰਸਥਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਬੇਨਤੀ ਵੀ ਕਰ ਸਕਦੇ ਹੋ ਜੋ ਤੁਹਾਡੇ ਪਰਿਵਾਰਕ ਮੈਂਬਰਾਂ ਦੀ ਪਛਾਣ ਅਤੇ ਟਰੇਸਿੰਗ ਨੂੰ ਸੁਵਿਧਾਜਨਕ ਬਣਾ ਸਕਦੇ ਹਨ।
- ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਬੇਨਤੀ ਦੀ ਜਾਂਚ ਕਰਨ ਲਈ ਜ਼ਿੰਮੇਵਾਰ EU+ ਦੇਸ਼ ਨੂੰ ਨਿਰਧਾਰਤ ਕਰਨ ਲਈ ਇੱਕ ਇੰਟਰਵਿਊ ਕੀਤਾ ਜਾ ਸਕਦਾ ਹੈ, ਜਦੋਂ ਤੱਕ ਕਿ ਇੰਟਰਵਿਊ ਨੂੰ ਛੱਡਣ ਦਾ ਕੋਈ ਉਚਿਤ ਕਾਰਨ ਨਾ ਹੋਵੇ।
- ਤੁਸੀਂ ਕੋਈ ਵੀ ਜਾਣਕਾਰੀ ਜਮ੍ਹਾਂ ਕਰ ਸਕਦੇ ਹੋ ਜੋ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਸਾਬਤ ਕਰਨ ਵਿੱਚ, ਮੌਖਿਕ ਤੌਰ 'ਤੇ ਜਾਂ ਦਸਤਾਵੇਜ਼ਾਂ ਰਾਹੀਂ, ਮਦਦ ਕਰ ਸਕਦੀ ਹੈ।
- ਤੁਸੀਂ ਆਪਣੇ ਕੇਸ ਬਾਰੇ ਹੋਰ ਜਾਣਕਾਰੀ ਲਈ ਬੇਨਤੀ ਕਰ ਸਕਦੇ ਹੋ।

## ਮੈਨੂੰ ਇਸ ਫਾਰਮ ਵਿੱਚ ਕੀ ਸ਼ਾਮਲ ਕਰਨ ਦੀ ਲੋੜ ਹੈ?

**ਇਸ ਦੇਸ਼ ਦੀਆਂ ਅਥਾਰਿਟੀਜ਼ ਨੂੰ ਤੁਹਾਨੂੰ ਤੁਹਾਡੇ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਮਿਲਾਉਣ ਵਿੱਚ ਮਦਦ ਕਰਨ ਲਈ, ਤੁਹਾਨੂੰ ਉਨ੍ਹਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਸਾਡੇ ਨਾਲ ਸਾਂਝੀ ਕਰਨ ਦੀ ਲੋੜ ਹੈ।** ਇਸ ਵਿੱਚ ਤੁਹਾਡੇ ਪਰਿਵਾਰਕ ਮੈਂਬਰ ਜਾਂ ਉਸ ਵਿਅਕਤੀ ਬਾਰੇ ਮੁੱਢਲੀ ਜਾਣਕਾਰੀ ਸ਼ਾਮਲ ਹੈ ਜਿਸ ਨਾਲ ਤੁਸੀਂ ਕਿਸੇ EU+ ਦੇਸ਼ ਵਿੱਚ ਨਿਰਭਰਤਾ ਦਾ ਰਿਸ਼ਤਾ ਸਾਂਝਾ ਕਰਦੇ ਹੋ, ਜਿਵੇਂ ਕਿ:
- ਉਨ੍ਹਾਂ ਦੇ ਨਿੱਜੀ ਵੇਰਵੇ;
- ਉਹ ਇਸ ਸਮੇਂ ਕਿੱਥੇ ਰਹਿ ਰਹੇ ਹਨ;
- ਉਨ੍ਹਾਂ ਦੇ ਸੰਪਰਕ ਵੇਰਵੇ;
- ਉਸ ਦੇਸ਼ ਵਿੱਚ ਉਨ੍ਹਾਂ ਦੀ ਕਾਨੂੰਨੀ ਸਥਿਤੀ ਬਾਰੇ ਜਾਣਕਾਰੀ (ਜੇ ਉਨ੍ਹਾਂ ਕੋਲ ਅਸਾਇਲਮ ਮੰਗਣ ਵਾਲੇ ਵਜੋਂ ਸਥਿਤੀ ਹੈ, ਰਿਹਾਇਸ਼ੀ ਪਰਮਿਟ ਹੈ ਜਾਂ ਉਹ ਪਿਛਲੀ ਅੰਤਰਰਾਸ਼ਟਰੀ ਸੁਰੱਖਿਆ ਸਥਿਤੀ ਦੇ ਅਧਾਰ ਤੇ ਉਸ ਦੇਸ਼ ਦੇ ਨਾਗਰਿਕ ਹਨ);
- ਕੋਈ ਵੀ ਦਸਤਾਵੇਜ਼ ਜਾਂ ਪ੍ਰਮਾਣ ਜੋ ਰਿਸ਼ਤੇ ਨੂੰ ਸਾਬਤ ਕਰਦੇ ਹਨ।

(2) ਜੇਕਰ EU+ ਦੇਸ਼ ਦਾ ਕਾਨੂੰਨ ਜਾਂ ਅਭਿਆਸ ਅਣਵਿਆਹੇ ਜੋੜਿਆਂ ਨਾਲ ਤੀਜੇ ਦੇਸ਼ ਦੇ ਨਾਗਰਿਕਾਂ ਨਾਲ ਸਬੰਧਤ ਆਪਣੇ ਕਾਨੂੰਨ ਦੇ ਤਹਿਤ ਵਿਆਹੇ ਜੋੜਿਆਂ ਦੇ ਬਰਾਬਰ ਵਿਵਹਾਰ ਕਰਦਾ ਹੈ।

(3) ਇਹ ਤੁਹਾਡੇ ਜੈਵਿਕ ਜਾਂ ਗੋਦ ਲਏ ਬੱਚੇ ਨੂੰ ਦਰਸਾਉਂਦਾ ਹੈ।

## ਇਹ ਜਾਣਕਾਰੀ ਮਹੱਤਵਪੂਰਨ ਕਿਉਂ ਹੈ?

ਤੁਸੀਂ ਜਿੰਨੀ ਜ਼ਿਆਦਾ ਜਾਣਕਾਰੀ ਪ੍ਰਦਾਨ ਕਰਦੇ ਹੋ, ਇਸ ਦੇਸ਼ ਦੀਆਂ ਅਥਾਰਿਟੀਜ਼ ਲਈ ਉਸ ਦੇਸ਼ ਦੀਆਂ ਅਥਾਰਿਟੀਜ਼ ਨਾਲ ਸੰਪਰਕ ਕਰਨਾ, ਤੁਹਾਡੇ ਰਿਸ਼ਤੇ ਦੀ ਪੁਸ਼ਟੀ ਕਰਨਾ ਅਤੇ ਜਿੰਨੀ ਛੇਤੀ ਹੋ ਸਕੇ ਤੁਹਾਨੂੰ ਦੁਬਾਰਾ ਮਿਲਾਉਣਾ ਓਨਾ ਹੀ ਆਸਾਨ ਹੋਵੇਗਾ।

ਤੁਹਾਨੂੰ ਇੱਕ ਇੰਟਰਵਿਊ ਲਈ ਸੱਦਾ ਦਿੱਤਾ ਜਾ ਸਕਦਾ ਹੈ ਜਾਂ ਤੁਹਾਨੂੰ ਰਿਸ਼ਤੇ ਅਤੇ ਵਿਅਕਤੀ ਦੇ ਠਿਕਾਣੇ ਬਾਰੇ ਹੋਰ ਜਾਣਨ ਲਈ ਫਾਲੋ-ਅੱਪ ਸਵਾਲ ਪੁੱਛੇ ਜਾ ਸਕਦੇ ਹਨ।

ਜੇਕਰ ਤੁਹਾਡੇ ਕੋਲ ਸਾਰੀ ਜਾਣਕਾਰੀ ਨਹੀਂ ਹੈ ਤਾਂ ਚਿੰਤਾ ਨਾ ਕਰੋ। ਜਿੰਨਾ ਹੋ ਸਕੇ ਫਾਰਮ ਭਰੋ ਅਤੇ ਇਸ ਦੇਸ਼ ਦੀਆਂ ਅਥਾਰਿਟੀਜ਼ ਪ੍ਰਕਿਰਿਆ ਸ਼ੁਰੂ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੀਆਂ। ਜੇਕਰ ਤੁਹਾਡੇ ਕੋਲ ਕੋਈ ਦਸਤਾਵੇਜ਼ ਹਨ, ਤਾਂ ਉਹਨਾਂ ਨੂੰ ਛੇਤੀ ਤੋਂ ਛੇਤੀ ਇਸ ਦੇਸ਼ ਦੀਆਂ ਅਥਾਰਿਟੀਜ਼ ਕੋਲ ਜਮ੍ਹਾਂ ਕਰੋ।

## ਇਸ ਫਾਰਮ ਨੂੰ ਕਿਵੇਂ ਭਰਨਾ ਹੈ

**ਕਦਮ 1.** ਫਾਰਮ ਦਾ ਭਾਗ 1 ਭਰੋ। ਇਸ ਵਿੱਚ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ।

**ਕਦਮ 2.** ਹਰੇਕ ਪਰਿਵਾਰਕ ਮੈਂਬਰ ਲਈ ਤੁਹਾਡੇ ਪਰਿਵਾਰਕ ਮੈਂਬਰ(ਰਾਂ) ਨਾਲ ਸਬੰਧਤ ਫਾਰਮ ਦੇ ਭਾਗ(ਗਾਂ) ਨੂੰ ਭਰੋ।

- ਪਤੀ/ਪਤਨੀ ਜਾਂ ਅਣਵਿਆਹੇ ਸਾਥੀ (ਭਾਗ 2)।
- ਨਾਬਾਲਗ ਬੱਚਾ (ਭਾਗ 3)।
  *ਜੇਕਰ ਤੁਹਾਡੇ EU+ ਦੇਸ਼ਾਂ ਵਿੱਚ ਕਈ ਬੱਚੇ ਹਨ, ਤਾਂ ਹਰੇਕ ਬੱਚੇ ਲਈ ਫਾਰਮ ਦੇ ਇਸ ਹਿੱਸੇ ਨੂੰ ਭਰੋ।*
- ਆਸ਼ਰਿਤ ਵਿਅਕਤੀ (ਭਾਗ 4)।
  *ਇਸ ਹਿੱਸੇ ਨੂੰ ਭਰੋ ਜੇਕਰ:*
  - ਤੁਹਾਡਾ (ਬਾਲਗ) ਬੱਚਾ, ਭੈਣ-ਭਰਾ ਜਾਂ ਮਾਤਾ-ਪਿਤਾ ਤੁਹਾਡੀ ਦੇਖਭਾਲ 'ਤੇ ਨਿਰਭਰ ਕਰਦੇ ਹਨ ਕਿਉਂਕਿ ਉਹ ਇੱਕ ਕਮਜ਼ੋਰ ਸਥਿਤੀ ਵਿੱਚ ਹਨ;
  - ਤੁਸੀਂ ਇੱਕ ਕਮਜ਼ੋਰ ਸਥਿਤੀ ਵਿੱਚ ਹੋ ਅਤੇ ਆਪਣੇ (ਬਾਲਗ) ਬੱਚੇ, ਭੈਣ-ਭਰਾ ਜਾਂ ਮਾਤਾ-ਪਿਤਾ ਦੀ ਦੇਖਭਾਲ 'ਤੇ ਨਿਰਭਰ ਕਰਦੇ ਹੋ।

**ਕਦਮ 3.** ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਦਰਸਾਉਣ ਲਈ ਆਪਣਾ ਪਰਿਵਾਰਕ ਟ੍ਰੀ (ਭਾਗ 5) ਬਣਾਓ। ਇਹ ਭਵਿੱਖ ਵਿੱਚ ਪਰਿਵਾਰ ਦੀ ਭਾਲ ਕਰਨ ਦੇ ਯਤਨਾਂ ਜਾਂ ਸਮਝ ਲਈ ਲਾਭਦਾਇਕ ਹੋ ਸਕਦਾ ਹੈ ਜੇਕਰ ਕੋਈ ਹੋਰ ਵਿਅਕਤੀ ਹੋ ਸਕਦਾ ਹੈ ਜਿਨ੍ਹਾਂ ਨਾਲ ਪੁਨਰ-ਮਿਲਨ ਸ਼ੁਰੂ ਕੀਤਾ ਜਾ ਸਕਦਾ ਹੈ।

## ਫਾਰਮ ਭਰਨ ਵਿੱਚ ਮੇਰੀ ਮਦਦ ਕੌਣ ਕਰ ਸਕਦਾ ਹੈ?

ਜੇਕਰ ਤੁਹਾਨੂੰ ਇਸ ਫਾਰਮ ਨੂੰ ਭਰਨ ਵਿੱਚ ਕਿਸੇ ਸਹਾਇਤਾ ਦੀ ਲੋੜ ਹੈ, ਜਿਸ ਵਿੱਚ ਕਾਨੂੰਨੀ ਸਹਾਇਤਾ ਸ਼ਾਮਲ ਹੈ, ਤਾਂ ਤੁਸੀਂ ਇਸ ਲਈ ਬੇਨਤੀ ਕਰ ਸਕਦੇ ਹੋ। ਜੇਕਰ ਤੁਹਾਨੂੰ ਕੁਝ ਸਮਝ ਨਹੀਂ ਆਉਂਦਾ, ਤਾਂ ਤੁਸੀਂ ਇਸ ਦੇਸ਼ ਦੀਆਂ ਅਥਾਰਿਟੀਜ਼ ਤੋਂ ਮਦਦ ਲਈ ਪੁੱਛ ਸਕਦੇ ਹੋ। ਤੁਸੀਂ ਜ਼ਿੰਮੇਵਾਰੀ ਨਿਰਧਾਰਨ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਬੰਧ ਪਰਚੇ ਵਿੱਚ ਕਾਨੂੰਨੀ ਸਲਾਹਕਾਰਾਂ ਦੇ ਪੂਲ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਤੁਸੀਂ ਫਾਰਮ ਭਰਨ ਲਈ ਭਾਸ਼ਾਈ ਸਹਾਇਤਾ ਦੀ ਬੇਨਤੀ ਵੀ ਕਰ ਸਕਦੇ ਹੋ।

*ਟੈਂਪਲੇਟ ਅਤੇ ਕਾਨੂੰਨੀ ਸਲਾਹ-ਮਸ਼ਵਰੇ ਨੂੰ ਪੂਰਾ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਬਾਰੇ EU+ ਦੇਸ਼ ਸੰਬੰਧੀ ਜਾਣਕਾਰੀ।*

## ਮੈਨੂੰ ਆਪਣੇ ਪਰਿਵਾਰਕ ਮੈਂਬਰ ਨਾਲ ਕਿਵੇਂ ਮਿਲਾਇਆ ਜਾ ਸਕਦਾ ਹੈ?

- ਪਹਿਲਾਂ, ਇਸ ਦੇਸ਼ ਦੀਆਂ ਅਥਾਰਿਟੀਜ਼ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸਮੀਖਿਆ ਕਰਨਗੀਆਂ। ਉਹ ਤੁਹਾਨੂੰ ਇੱਕ ਹੋਰ ਇੰਟਰਵਿਊ ਲਈ ਸੱਦਾ ਦੇ ਸਕਦੇ ਹਨ।

- ਜੇਕਰ ਸੰਭਵ ਹੋਵੇ, ਤਾਂ ਇਸ ਦੇਸ਼ ਦੀਆਂ ਅਥਾਰਿਟੀਜ਼ EU+ ਦੇਸ਼ ਨੂੰ ਇੱਕ ਬੇਨਤੀ ਭੇਜਣਗੀਆਂ ਜਿੱਥੇ ਤੁਹਾਡਾ ਪਰਿਵਾਰਕ ਮੈਂਬਰ ਰਹਿ ਰਿਹਾ ਹੈ।

**ਮਹੱਤਵਪੂਰਨ**। ਤੁਹਾਨੂੰ ਅਤੇ ਤੁਹਾਡੇ ਪਰਿਵਾਰਕ ਮੈਂਬਰ ਦੋਵਾਂ ਨੂੰ ਪੁਨਰ-ਮਿਲਨ ਲਈ ਸਹਿਮਤ ਹੋਣਾ ਚਾਹੀਦਾ ਹੈ। ਜੇਕਰ ਤੁਹਾਡੇ ਵਿੱਚੋਂ ਕੋਈ ਵੀ ਨਾ ਕਹਿੰਦਾ ਹੈ, ਤਾਂ ਇਸ ਦੇਸ਼ ਦੀਆਂ ਅਥਾਰਿਟੀਜ਼ ਅੱਗੇ ਨਹੀਂ ਵਧਣਗੀਆਂ। ਜੇਕਰ ਤੁਸੀਂ ਸਹਿਮਤ ਹੋ, ਤਾਂ ਤੁਹਾਨੂੰ ਪੁਨਰ-ਮਿਲਨ ਲਈ ਆਪਣੀ ਰਸਮੀ ਲਿਖਤੀ ਸਹਿਮਤੀ ਪ੍ਰਦਾਨ ਕਰਨ ਲਈ ਬੇਨਤੀ ਕੀਤੀ ਜਾਵੇਗੀ। ਤੁਹਾਨੂੰ ਆਪਣੀ ਸਹਿਮਤੀ ਇੱਕ ਵੱਖਰੇ ਰੂਪ ਵਿੱਚ ਜਮ੍ਹਾਂ ਕਰਾਉਣੀ ਪਵੇਗੀ।
- ਜਿਸ ਦੇਸ਼ ਵਿੱਚ ਤੁਹਾਡਾ ਪਰਿਵਾਰਕ ਮੈਂਬਰ ਰਹਿ ਰਿਹਾ ਹੈ, ਉਹ ਬੇਨਤੀ ਦੀ ਸਮੀਖਿਆ ਕਰੇਗਾ ਅਤੇ ਦਸਤਾਵੇਜ਼ਾਂ ਦੀ ਜਾਂਚ ਕਰੇਗਾ।
- ਜੇਕਰ ਉਹ ਸਵੀਕਾਰ ਕਰਦੇ ਹਨ, ਤਾਂ ਇਸ ਦੇਸ਼ ਦੀਆਂ ਅਥਾਰਿਟੀਜ਼ ਤੁਹਾਨੂੰ ਤੁਹਾਡੇ ਪਰਿਵਾਰਕ ਮੈਂਬਰ ਨਾਲ ਦੁਬਾਰਾ ਮਿਲਾਉਣ ਲਈ ਉਸ ਦੇਸ਼ ਵਿੱਚ ਟਰ੍ਹਾਂਸਫਰ ਕਰ ਦੇਣਗੀਆਂ।

ਇਸ ਦੇਸ਼ ਦੀਆਂ ਅਥਾਰਿਟੀਜ਼ ਤੁਹਾਡੀ ਇੱਛਾ ਦੇ ਖਿਲਾਫ ਤੁਹਾਨੂੰ ਕਿਸੇ ਵਿਅਕਤੀ ਨਾਲ ਦੁਬਾਰਾ ਨਹੀਂ ਮਿਲਾਉਣਗੀਆਂ। ਸਹਿਮਤੀ ਦਾ ਮਤਲਬ ਹੈ ਕਿ ਤੁਸੀਂ ਦੋਵੇਂ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜ਼ੀ ਦੀ ਉਸ ਦੇਸ਼ ਵਿੱਚ ਜਾਂਚ ਕੀਤੇ ਜਾਣ ਲਈ ਸਹਿਮਤ ਹੋ ਜਿੱਥੇ ਤੁਹਾਡਾ ਪਰਿਵਾਰਕ ਮੈਂਬਰ ਜਾਂ ਨਿਰਭਰ ਵਿਅਕਤੀ ਰਹਿ ਰਿਹਾ ਹੈ। ਜੇਕਰ ਤੁਸੀਂ ਜਾਂ ਤੁਹਾਡਾ ਪਰਿਵਾਰਕ ਮੈਂਬਰ ਸਹਿਮਤੀ ਨਹੀਂ ਦਿੰਦੇ ਹੋ, ਤਾਂ ਇਸ ਦੇਸ਼ ਦੀਆਂ ਅਥਾਰਿਟੀਜ਼ ਪੁਨਰ-ਮਿਲਨ ਪ੍ਰਕਿਰਿਆ ਸ਼ੁਰੂ ਨਹੀਂ ਕਰਨਗੀਆਂ। ਤੁਸੀਂ ਟ੍ਰਾਂਸਫਰ ਦਾ ਫੈਸਲਾ ਲੈਣ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ।

ਦੋਵਾਂ ਦੇਸ਼ਾਂ ਵਿੱਚ, ਪਰਿਵਾਰਕ ਪੁਨਰ-ਮਿਲਨ ਦੇ ਮਾਮਲਿਆਂ ਨੂੰ ਪਹਿਲ ਦੇ ਨਾਲ ਮੰਨਿਆ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਜੇਕਰ ਤੁਹਾਡੇ ਮਾਮਲੇ ਵਿੱਚ ਪਰਿਵਾਰਕ ਪੁਨਰ-ਮਿਲਨ ਸ਼ੁਰੂ ਕੀਤਾ ਜਾ ਸਕਦਾ ਹੈ, ਤਾਂ ਅਥਾਰਿਟੀਜ਼ ਇਸਦੀ ਪ੍ਰਕਿਰਿਆ ਜਲਦੀ ਤੋਂ ਜਲਦੀ ਕਰਨਗੀਆਂ।

### ਤੁਹਾਨੂੰ ਕੀ ਜਾਣਨਾ ਜ਼ਰੂਰੀ ਹੈ

- ਟ੍ਰਾਂਸਫਰ ਦਾ ਫੈਸਲਾ ਹੋਣ ਤੋਂ ਪਹਿਲਾਂ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ ਅਤੇ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ।
- ਤੁਹਾਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਮਿਲਣ ਲਈ ਕਿਸੇ ਨੂੰ ਵੀ ਭੁਗਤਾਨ ਕਰਨ ਦੀ ਲੋੜ ਨਹੀਂ ਹੈ - ਅਥਾਰਿਟੀਜ਼ ਪੂਰਾ ਖਰਚਾ ਕਰਨਗੀਆਂ।
- ਪਰਿਵਾਰਕ ਪੁਨਰ-ਮਿਲਨ ਦੇ ਮਾਮਲਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਇਸ ਲਈ ਅਥਾਰਿਟੀਜ਼ ਤੁਹਾਡੇ ਕੇਸ ਦੀ ਜਲਦੀ ਤੋਂ ਜਲਦੀ ਪਰ੍ਕਿਰਿਆ ਕਰਨਗੀਆਂ।

### ਪੁਨਰ-ਮਿਲਨ ਦਾ ਕੀ ਅਰਥ ਹੈ

- ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਬੇਨਤੀ ਦੀ ਜਾਂਚ ਉਸ ਦੇਸ਼ ਵਿੱਚ ਕੀਤੀ ਜਾਵੇਗੀ ਜਿੱਥੇ ਤੁਹਾਡਾ ਪਰਿਵਾਰਕ ਮੈਂਬਰ ਕਾਨੂੰਨੀ ਤੌਰ 'ਤੇ ਰਹਿ ਰਿਹਾ ਹੈ [4]।

ਪੁਨਰ-ਮਿਲਨ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਉਸ ਦੇਸ਼ ਵਿੱਚ ਨਿਵਾਸ ਪਰਮਿਟ ਮਿਲੇਗਾ।

## ਮੈਨੂੰ ਨਹੀਂ ਪਤਾ ਕਿ ਮੇਰਾ ਪਰਿਵਾਰਕ ਮੈਂਬਰ ਕਿੱਥੇ ਹੈ। ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ?

ਜੇਕਰ ਤੁਸੀਂ ਜਾਣਦੇ ਹੋ ਕਿ ਤੁਹਾਡਾ ਪਰਿਵਾਰਕ ਮੈਂਬਰ EU+ ਦੇਸ਼ ਵਿੱਚ ਮੌਜੂਦ ਹੈ ਪਰ ਤੁਹਾਨੂੰ ਯਕੀਨ ਨਹੀਂ ਹੈ ਕਿ ਉਹ ਕਿੱਥੇ ਹਨ, ਤਾਂ ਤੁਸੀਂ ਪਰਿਵਾਰਕ ਟਰੇਸਿੰਗ ਸੰਸਥਾਵਾਂ ਤੋਂ ਸਹਾਇਤਾ ਦੀ ਬੇਨਤੀ ਕਰ ਸਕਦੇ ਹੋ ਜੋ ਤੁਹਾਡੇ ਪਰਿਵਾਰਕ ਮੈਂਬਰ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਜੇਕਰ ਤੁਹਾਨੂੰ ਅਜਿਹੀ ਸਹਾਇਤਾ ਦੀ ਲੋੜ ਹੈ ਤਾਂ ਇਸ ਦੇਸ਼ ਦੀਆਂ ਅਥਾਰਿਟੀਜ਼ ਨੂੰ ਦੱਸੋ।

*ਪਰਿਵਾਰ ਟਰੇਸਿੰਗ ਸੰਗਠਨਾਂ ਬਾਰੇ EU+ ਦੇਸ਼ ਸੰਬੰਧੀ ਜਾਣਕਾਰੀ।*

(4) ਕਾਨੂੰਨੀ ਤੌਰ 'ਤੇ ਰਹਿਣ ਦਾ ਮਤਲਬ ਹੈ ਕਿ ਉਹ ਕਿਸੇ ਦੇਸ਼ ਵਿੱਚ ਦਾਖਲੇ, ਠਹਿਰਨ ਜਾਂ ਨਿਵਾਸ ਲਈ ਸ਼ਰਤਾਂ ਪੂਰੀਆਂ ਕਰਦੇ ਹਨ।

## ਮੇਰੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਕਿਵੇਂ ਰੱਖਿਆ ਜਾਵੇਗਾ?

ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਗੋਪਨੀਯ ਰੱਖਿਆ ਜਾਵੇਗਾ। ਇਸਨੂੰ ਕਦੇ ਵੀ ਕਿਸੇ ਅਜਿਹੇ ਦੇਸ਼ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ ਜੋ EU+ ਦੇਸ਼ ਵਜੋਂ ਸੂਚੀਬੱਧ ਨਹੀਂ ਹੈ (ਇਸ ਫਾਰਮ ਦਾ ਪੰਨਾ 1 ਦੇਖੋ) ਜਾਂ ਮੂਲ ਦੇਸ਼ ਜਾਂ ਤੁਹਾਡੇ ਜਾਂ ਤੁਹਾਡੇ ਪਰਿਵਾਰਕ ਮੈਂਬਰ ਦੇ ਪੁਰਾਣੇ ਰਹਿਣ ਵਾਲੇ ਦੇਸ਼ ਨਾਲ। ਜਾਣਕਾਰੀ ਨੂੰ EU+ ਦੇਸ਼ ਵਿੱਚ ਸੁਰੱਖਿਅਤ ਤਰੀਕੇ ਨਾਲ ਜਮ੍ਹਾਂ ਕਰਵਾਇਆ ਜਾਵੇਗਾ ਜਿੱਥੇ ਤੁਹਾਡਾ ਪਰਿਵਾਰਕ ਮੈਂਬਰ ਮੌਜੂਦ ਹੈ ਤਾਂ ਜੋ ਉਸ ਦੇਸ਼ ਦੀਆਂ ਅਥਾਰਿਟੀਜ਼ ਇਹ ਨਿਰਧਾਰਤ ਕਰ ਸਕਣ ਕਿ ਤੁਹਾਡਾ ਰਿਸ਼ਤਾ ਪਰਿਵਾਰਕ ਪੁਨਰ-ਮਿਲਨ ਲਈ ਯੋਗ ਹੈ ਜਾਂ ਨਹੀਂ। ਜੇਕਰ ਜ਼ਰੂਰੀ ਹੋਵੇ, ਤਾਂ ਅਥਾਰਿਟੀਜ਼ ਜਾਂ ਸੰਗਠਨਾਂ ਦੁਆਰਾ ਫਾਲੋ-ਅੱਪ ਸਵਾਲਾਂ ਲਈ ਤੁਹਾਡੇ ਪਰਿਵਾਰਕ ਮੈਂਬਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

| ਭਾਗ 1. ਬਿਨੈਕਾਰ ਦੀ ਨਿੱਜੀ ਜਾਣਕਾਰੀ | |
|---|---|
| **ਕੇਸ ਨੰਬਰ:** | |
| ਪਹਿਲਾ ਨਾਮ | |
| ਉਪਨਾਮ | |
| ਉਮਰ | |
| ਲਿੰਗ | |
| ਜਨਮ ਮਿਤੀ (ਦਿਨ/ਮਹੀਨਾ/ਸਾਲ) | |
| ਜਨਮ ਸਥਾਨ | |
| ਮੂਲ ਦੇਸ਼ ਤੋਂ ਜਾਣ ਦੀ ਮਿਤੀ | |
| ਰਾਸ਼ਟਰੀਅਤਾ/ਵਾਂ | |
| ਪਤਾ/ਰਿਹਾਇਸ਼ | |
| ਸੰਪਰਕ ਵੇਰਵੇ (ਈਮੇਲ ਪਤਾ, ਸੋਸ਼ਲ ਮੀਡੀਆ ਅਕਾਉਂਟ, ਫ਼ੋਨ ਨੰਬਰ) | |
| ☐ **ਮੈਂ ਪੁਸ਼ਟੀ ਕਰਦਾ ਹਾਂ ਕਿ ਮੇਰਾ ਇੱਕ ਪਰਿਵਾਰਕ ਮੈਂਬਰ ਹੈ ਜੋ EU+ ਦੇਸ਼ ਵਿੱਚ ਰਹਿ ਰਿਹਾ ਹੈ।** | |
| ਮੇਰਾ ਪਰਿਵਾਰਕ ਮੈਂਬਰ ਹੈ (ਕਈ ਵਿਕਲਪ ਚੁਣ ਸਕਦੇ ਹੋ) | ☐ ਮੇਰਾ ਜੀਵਨ ਸਾਥੀ ਜਾਂ ਅਣਵਿਆਹੇ ਸਾਥੀ (ਭਾਗ 2)<br>☐ ਨਾਬਾਲਗ ਬੱਚਾ (ਭਾਗ 3)<br>☐ ਮੇਰੀ ਸਹਾਇਤਾ 'ਤੇ ਨਿਰਭਰ ਵਿਅਕਤੀ ਜਾਂ ਮੈਂ ਇਸ ਵਿਅਕਤੀ ਦੀ ਸਹਾਇਤਾ 'ਤੇ ਨਿਰਭਰ ਕਰਦਾ ਹਾਂ (ਭਾਗ 4) |
| ਹੋਰ ਸੰਬੰਧਿਤ ਜਾਣਕਾਰੀ | |
| **ਬਿਨੈਕਾਰ ਦੀ ਮਿਤੀ ਅਤੇ ਦਸਤਖਤ** | |

## ਭਾਗ 2. ਪਤੀ/ਪਤਨੀ ਜਾਂ ਅਣਵਿਆਹੇ ਸਾਥੀ ਦੀ ਨਿੱਜੀ ਜਾਣਕਾਰੀ

| | |
|---|---|
| ਪਹਿਲਾ ਨਾਮ | |
| ਉਪਨਾਮ | |
| ਵਰਤੇ ਗਏ ਹੋਰ ਨਾਮ | |
| ਉਮਰ | |
| ਲਿੰਗ | |
| ਜਨਮ ਮਿਤੀ (ਦਿਨ/ਮਹੀਨਾ/ਸਾਲ) | |
| ਜਨਮ ਸਥਾਨ | |
| ਵਿਆਹ ਦੀ ਜਗ੍ਹਾ ਜਾਂ ਉਹ ਜਗ੍ਹਾ ਜਿੱਥੇ ਰਿਸ਼ਤਾ ਬਣਿਆ ਸੀ | |
| ਵਿਆਹ ਦੀ ਮਿਤੀ ਜਾਂ ਰਿਸ਼ਤੇ ਦੀ ਸ਼ੁਰੂਆਤ | |
| ਵਿਆਹ ਜਾਂ ਪਾਰਟਨਰਸ਼ਿਪ ਦਾ ਪ੍ਰਕਾਰ (ਕਈ ਵਿਕਲਪ ਚੁਣ ਜਾ ਸਕਦੇ ਹੋ) | ☐ ਧਾਰਮਿਕ ਰਸਮ<br>☐ ਸਿਵਲ ਰਜਿਸਟ੍ਰੇਸ਼ਨ<br>☐ ਰਜਿਸਟਰਡ ਸਿਵਲ ਪਾਰਟਨਰਸ਼ਿਪ<br>☐ ਹੋਰ (ਕਿਰਪਾ ਕਰਕੇ ਦੱਸੋ): |
| EU+ ਦੇਸ਼ਾਂ ਵਿੱਚ ਮੌਜੂਦਾ ਜਾਂ ਆਖਰੀ ਜਾਣਿਆ ਸਥਾਨ (ਦੇਸ਼, ਸ਼ਹਿਰ) | |
| EU+ ਦੇਸ਼ ਵਿੱਚ ਵਿਅਕਤੀ ਦੀ ਰਿਹਾਇਸ਼ ਦੀ ਸਥਿਤੀ | ☐ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ<br>☐ ਅੰਤਰਰਾਸ਼ਟਰੀ ਸੁਰੱਖਿਆ ਦਾ ਲਾਭਪਾਤਰੀ<br>☐ ਲੰਬੇ ਸਮੇਂ ਲਈ ਰਿਹਾਇਸ਼<br>☐ ਨਿਵਾਸੀ<br>☐ ਨਾਗਰਿਕ<br>☐ ਨਹੀਂ ਜਾਣਦਾ/ਜਾਣਦੀ |
| ਮੂਲ ਦੇਸ਼ ਤੋਂ ਜਾਣ ਦੀ ਮਿਤੀ | |
| ਰਾਸ਼ਟਰੀਅਤਾ/ਵਾਂ | |
| ਨਿੱਜੀ ਨੰਬਰ / ਕੇਸ ਨੰਬਰ (ਜੇਕਰ EU+ ਦੇਸ਼ ਵਿੱਚ ਇੱਕ ਪਛਾਣ ਨੰਬਰ ਉਪਲਬਧ ਹੈ) | |
| ਪਤਾ/ਰਿਹਾਇਸ਼ | |
| ਸੰਪਰਕ ਵੇਰਵੇ (ਈਮੇਲ ਪਤਾ, ਸੋਸ਼ਲ ਮੀਡੀਆ ਅਕਾਊਂਟ, ਫ਼ੋਨ ਨੰਬਰ) | |

**ਮੁੜ ਮਿਲਣ ਦੀ ਇੱਛਾ**

ਕੀ ਤੁਸੀਂ ਇਸ ਵਿਅਕਤੀ ਨਾਲ ਦੁਬਾਰਾ ਮਿਲਣਾ ਚਾਹੋਗੇ?

☐ ਹਾਂ, ਮੈਂ ਦੁਬਾਰਾ ਮਿਲਣਾ ਚਾਹਾਂਗਾ।

**ਇਸ ਸਥਿਤੀ ਵਿੱਚ, ਤੁਹਾਨੂੰ ਅਤੇ ਤੁਹਾਡੇ ਪਰਿਵਾਰਕ ਮੈਂਬਰ ਨੂੰ ਲਿਖਤੀ ਰੂਪ ਵਿੱਚ ਆਪਣੀ ਰਸਮੀ ਸਹਿਮਤੀ ਦੇਣ ਦੀ ਲੋੜ ਹੋਵੇਗੀ। ਰਸਮੀ ਸਹਿਮਤੀ ਇੱਕ ਵੱਖਰੇ ਰੂਪ ਵਿੱਚ ਮੰਗੀ ਜਾਵੇਗੀ।**

☐ ਨਹੀਂ, ਮੈਂ ਦੁਬਾਰਾ ਮਿਲਣਾ ਨਹੀਂ ਚਾਹੁੰਦਾ।

ਜੇਕਰ ਤੁਸੀਂ ਦੁਬਾਰਾ ਮਿਲਣਾ ਨਹੀਂ ਚਾਹੁੰਦੇ, ਤਾਂ ਤੁਸੀਂ ਇਸਦਾ ਕਾਰਨ ਦੱਸ ਸਕਦੇ ਹੋ। ਇਸ ਜਾਣਕਾਰੀ ਨੂੰ ਗੋਪਨੀਯ ਰੱਖਿਆ ਜਾਵੇਗਾ।

| **ਸੰਭਾਵੀ ਕਮਜ਼ੋਰੀਆਂ ਜਾਂ ਮਾਨਵਤਾਵਾਦੀ ਕਾਰਨਾਂ ਬਾਰੇ ਸੰਬੰਧਿਤ ਜਾਣਕਾਰੀ** |
|---|
| ਤੁਸੀਂ ਇੱਥੇ ਕਿਸੇ ਵੀ ਸੰਬੰਧਿਤ ਜਾਣਕਾਰੀ ਦਾ ਜ਼ਿਕਰ ਕਰ ਸਕਦੇ ਹੋ ਜੋ ਅਥਾਰਿਟੀਜ਼ ਲਈ ਤੁਹਾਡੇ ਪਰਿਵਾਰਕ ਮੈਂਬਰ (ਕੋਈ ਕਮਜ਼ੋਰੀਆਂ, ਵਿਸ਼ੇਸ਼ ਜ਼ਰੂਰਤਾਂ ਜਾਂ ਮਾਨਵਤਾਵਾਦੀ ਕਾਰਨਾਂ) ਬਾਰੇ ਜਾਣੂ ਹੋਣਾ ਮਹੱਤਵਪੂਰਨ ਹੈ। |
| **ਇਸ ਵਿਅਕਤੀ ਨਾਲ ਤੁਹਾਡਾ ਆਖਰੀ ਵਾਰ ਸੰਪਰਕ ਕਦੋਂ ਅਤੇ ਕਿੱਥੇ ਹੋਇਆ ਸੀ?** |
| |
| **ਕੀ ਕੋਈ ਹੋਰ ਹੈ ਜਿਸਨੂੰ ਤੁਹਾਡੇ ਪਰਿਵਾਰਕ ਮੈਂਬਰ ਦੇ ਠਿਕਾਣੇ ਬਾਰੇ ਪਤਾ ਹੋ ਸਕਦਾ ਹੈ? ਜੇਕਰ ਅਜਿਹਾ ਹੈ, ਤਾਂ ਕਿਰਪਾ ਕਰਕੇ ਉਨ੍ਹਾਂ ਦੇ ਸੰਪਰਕ ਦੇ ਵੇਰਵੇ ਪ੍ਰਦਾਨ ਕਰੋ। ਕੀ ਤੁਸੀਂ ਇਸ ਵਿਅਕਤੀ ਨਾਲ ਕਦੇ ਸੰਪਰਕ ਕੀਤਾ ਹੈ?** |
| |
| **ਕੀ ਤੁਸੀਂ ਇਸ ਵਿਅਕਤੀ ਨੂੰ ਲੱਭਣ ਲਈ ਕਿਸੇ ਸੰਸਥਾ ਨਾਲ ਸੰਪਰਕ ਕੀਤਾ ਹੈ? *ਜੇਕਰ ਹਾਂ, ਤਾਂ ਕਿਰਪਾ ਕਰਕੇ ਵਿਸਥਾਰ ਵਿੱਚ ਦੱਸੋ (ਸੰਗਠਨ ਦਾ ਨਾਮ, ਟਰੇਸਿੰਗ ਦੀ ਸਥਿਤੀ / ਨਤੀਜਾ)।*** |
| |
| **ਤੁਹਾਡੇ ਕੋਲ ਰਿਸ਼ਤੇ ਨੂੰ ਸਾਬਤ ਕਰਨ ਵਾਲੇ ਦਸਤਾਵੇਜ਼ਾਂ/ਪ੍ਰਮਾਣਾਂ ਦਾ ਵਰਣਨ ਕਰੋ।**<br>ਉਦਾਹਰਣ ਵਜੋਂ, ਵਿਆਹ ਦਾ ਸਰਟੀਫਿਕੇਟ, ਜਨਮ ਸਰਟੀਫਿਕੇਟ, ਪਛਾਣ ਦਸਤਾਵੇਜ਼ਾਂ ਦੀ ਕਾਪੀ, ਪਰਿਵਾਰਕ ਮੈਂਬਰ ਦੀਆਂ ਫੋਟੋਆਂ, ਹੋਰ। ਤੁਹਾਨੂੰ ਇਹ ਦਸਤਾਵੇਜ਼ ਜਾਂ ਇਹ ਸਬੂਤ ਜਮ੍ਹਾਂ ਕਰਾਉਣ ਦੀ ਲੋੜ ਹੋਵੇਗੀ। |
| |
| **ਹੋਰ ਸੰਬੰਧਿਤ ਜਾਣਕਾਰੀ** |
| |

## ਭਾਗ 3. ਨਾਬਾਲਗ ਬੱਚੇ ਦੀ ਨਿੱਜੀ ਜਾਣਕਾਰੀ

*ਜੇਕਰ ਤੁਹਾਡੇ EU+ ਦੇਸ਼ਾਂ ਵਿੱਚ ਕਈ ਬੱਚੇ ਹਨ, ਤਾਂ ਹਰੇਕ ਵਿਅਕਤੀ ਲਈ ਇੱਕ ਨਵਾਂ ਭਾਗ ਬਣਾਉਣ ਲਈ 'ਡੁਪਲੀਕੇਟ ਭਾਗ' ਬਟਨ 'ਤੇ ਕਲਿੱਕ ਕਰੋ।*

| | |
|---|---|
| ਪਹਿਲਾ ਨਾਮ | |
| ਉਪਨਾਮ | |
| ਵਰਤੇ ਗਏ ਹੋਰ ਨਾਮ | |
| ਉਮਰ | |
| ਲਿੰਗ | |
| ਜਨਮ ਮਿਤੀ (ਦਿਨ/ਮਹੀਨਾ/ਸਾਲ) | |
| ਜਨਮ ਸਥਾਨ | |
| EU+ ਦੇਸ਼ਾਂ ਵਿੱਚ ਮੌਜੂਦਾ ਜਾਂ ਆਖਰੀ ਜਾਣਿਆ ਸਥਾਨ (ਦੇਸ਼, ਸ਼ਹਿਰ) | |
| EU+ ਦੇਸ਼ ਵਿੱਚ ਵਿਅਕਤੀ ਦੀ ਰਿਹਾਇਸ਼ ਦੀ ਸਥਿਤੀ | ☐ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ<br>☐ ਅੰਤਰਰਾਸ਼ਟਰੀ ਸੁਰੱਖਿਆ ਦਾ ਲਾਭਪਾਤਰੀ<br>☐ ਲੰਬੇ ਸਮੇਂ ਲਈ ਰਿਹਾਇਸ਼<br>☐ ਨਿਵਾਸੀ<br>☐ ਨਾਗਰਿਕ<br>☐ ਨਹੀਂ ਜਾਣਦਾ/ਜਾਣਦੀ |
| ਮੂਲ ਦੇਸ਼ ਤੋਂ ਜਾਣ ਦੀ ਮਿਤੀ | |
| ਰਾਸ਼ਟਰੀਅਤਾ/ਵਾਂ | |
| ਨਿੱਜੀ ਨੰਬਰ / ਕੇਸ ਨੰਬਰ (ਜੇਕਰ EU+ ਦੇਸ਼ ਵਿੱਚ ਇੱਕ ਪਛਾਣ ਨੰਬਰ ਉਪਲਬਧ ਹੈ) | |
| ਪਤਾ/ਰਿਹਾਇਸ਼ | |
| ਸੰਪਰਕ ਵੇਰਵੇ (ਈਮੇਲ ਪਤਾ, ਸੋਸ਼ਲ ਮੀਡੀਆ ਅਕਾਉਂਟ, ਫ਼ੋਨ ਨੰਬਰ) | |
| **ਸਰਪ੍ਰਸਤ ਦੇ ਸੰਪਰਕ ਦੇ ਵੇਰਵੇ, ਜੇ ਉਪਲਬਧ ਹੋਵੇ** | |
| ਪਹਿਲਾ ਨਾਮ | |
| ਉਪਨਾਮ | |
| ਫ਼ੋਨ ਨੰਬਰ | |
| ਈਮੇਲ ਪਤਾ | |

**ਮੁੜ ਮਿਲਣ ਦੀ ਇੱਛਾ**

ਕੀ ਤੁਸੀਂ ਇਸ ਵਿਅਕਤੀ ਨਾਲ ਦੁਬਾਰਾ ਮਿਲਣਾ ਚਾਹੋਗੇ?

☐ ਹਾਂ, ਮੈਂ ਦੁਬਾਰਾ ਮਿਲਣਾ ਚਾਹਾਂਗਾ।

**ਇਸ ਸਥਿਤੀ ਵਿੱਚ, ਤੁਹਾਨੂੰ ਅਤੇ ਤੁਹਾਡੇ ਪਰਿਵਾਰਕ ਮੈਂਬਰ ਨੂੰ ਲਿਖਤੀ ਰੂਪ ਵਿੱਚ ਆਪਣੀ ਰਸਮੀ ਸਹਿਮਤੀ ਦੇਣ ਦੀ ਲੋੜ ਹੋਵੇਗੀ। ਰਸਮੀ ਸਹਿਮਤੀ ਇੱਕ ਵੱਖਰੇ ਰੂਪ ਵਿੱਚ ਮੰਗੀ ਜਾਵੇਗੀ।**

☐ ਨਹੀਂ, ਮੈਂ ਦੁਬਾਰਾ ਮਿਲਣਾ ਨਹੀਂ ਚਾਹੁੰਦਾ।

ਜੇਕਰ ਤੁਸੀਂ ਦੁਬਾਰਾ ਮਿਲਣਾ ਨਹੀਂ ਚਾਹੁੰਦੇ, ਤਾਂ ਤੁਸੀਂ ਇਸਦਾ ਕਾਰਨ ਦੱਸ ਸਕਦੇ ਹੋ। ਇਸ ਜਾਣਕਾਰੀ ਨੂੰ ਗੋਪਨੀਯ ਰੱਖਿਆ ਜਾਵੇਗਾ।

| **ਸੰਭਾਵੀ ਕਮਜ਼ੋਰੀਆਂ ਜਾਂ ਮਾਨਵਤਾਵਾਦੀ ਕਾਰਨਾਂ ਬਾਰੇ ਸੰਬੰਧਿਤ ਜਾਣਕਾਰੀ** |
|---|
| ਤੁਸੀਂ ਇੱਥੇ ਕਿਸੇ ਵੀ ਸੰਬੰਧਿਤ ਜਾਣਕਾਰੀ ਦਾ ਜ਼ਿਕਰ ਕਰ ਸਕਦੇ ਹੋ ਜੋ ਅਥਾਰਿਟੀਜ਼ ਲਈ ਤੁਹਾਡੇ ਪਰਿਵਾਰਕ ਮੈਂਬਰ (ਕੋਈ ਕਮਜ਼ੋਰੀਆਂ, ਵਿਸ਼ੇਸ਼ ਜ਼ਰੂਰਤਾਂ ਜਾਂ ਮਾਨਵਤਾਵਾਦੀ ਕਾਰਨਾਂ) ਬਾਰੇ ਜਾਣੂ ਹੋਣਾ ਮਹੱਤਵਪੂਰਨ ਹੈ। |
| **ਇਸ ਵਿਅਕਤੀ ਨਾਲ ਤੁਹਾਡਾ ਆਖਰੀ ਵਾਰ ਸੰਪਰਕ ਕਦੋਂ ਅਤੇ ਕਿੱਥੇ ਹੋਇਆ ਸੀ?** |
| |
| **ਕੀ ਕੋਈ ਹੋਰ ਹੈ ਜਿਸਨੂੰ ਤੁਹਾਡੇ ਪਰਿਵਾਰਕ ਮੈਂਬਰ ਦੇ ਠਿਕਾਣੇ ਬਾਰੇ ਪਤਾ ਹੋ ਸਕਦਾ ਹੈ? ਜੇਕਰ ਅਜਿਹਾ ਹੈ, ਤਾਂ ਕਿਰਪਾ ਕਰਕੇ ਉਨ੍ਹਾਂ ਦੇ ਸੰਪਰਕ ਦੇ ਵੇਰਵੇ ਪ੍ਰਦਾਨ ਕਰੋ। ਕੀ ਤੁਸੀਂ ਇਸ ਵਿਅਕਤੀ ਨਾਲ ਕਦੇ ਸੰਪਰਕ ਕੀਤਾ ਹੈ?** |
| |
| **ਕੀ ਤੁਸੀਂ ਇਸ ਵਿਅਕਤੀ ਨੂੰ ਲੱਭਣ ਲਈ ਕਿਸੇ ਸੰਸਥਾ ਨਾਲ ਸੰਪਰਕ ਕੀਤਾ ਹੈ? *ਜੇਕਰ ਹਾਂ, ਤਾਂ ਕਿਰਪਾ ਕਰਕੇ ਵਿਸਥਾਰ ਵਿੱਚ ਦੱਸੋ (ਸੰਗਠਨ ਦਾ ਨਾਮ, ਟਰੇਸਿੰਗ ਦੀ ਸਥਿਤੀ / ਨਤੀਜਾ)।*** |
| |
| **ਤੁਹਾਡੇ ਕੋਲ ਰਿਸ਼ਤੇ ਨੂੰ ਸਾਬਤ ਕਰਨ ਵਾਲੇ ਦਸਤਾਵੇਜ਼ਾਂ/ਪ੍ਰਮਾਣਾਂ ਦਾ ਵਰਣਨ ਕਰੋ।**<br>ਉਦਾਹਰਣ ਵਜੋਂ, ਵਿਆਹ ਦਾ ਸਰਟੀਫਿਕੇਟ, ਜਨਮ ਸਰਟੀਫਿਕੇਟ, ਪਛਾਣ ਦਸਤਾਵੇਜ਼ਾਂ ਦੀ ਕਾਪੀ, ਪਰਿਵਾਰਕ ਮੈਂਬਰ ਦੀਆਂ ਫੋਟੋਆਂ, ਹੋਰ। ਤੁਹਾਨੂੰ ਇਹ ਦਸਤਾਵੇਜ਼ ਜਾਂ ਇਹ ਸਬੂਤ ਜਮ੍ਹਾਂ ਕਰਾਉਣ ਦੀ ਲੋੜ ਹੋਵੇਗੀ। |
| |
| **ਹੋਰ ਸੰਬੰਧਿਤ ਜਾਣਕਾਰੀ** |
| |

ਡੁਪਲੀਕੇਟ ਸੈਕਸ਼ਨ

## ਭਾਗ 4. ਨਾਬਾਲਗ ਬੱਚੇ ਦੀ ਨਿੱਜੀ ਜਾਣਕਾਰੀ

*ਜੇਕਰ ਤੁਹਾਡੇ ਇੱਕ ਤੋਂ ਵੱਧ ਬੱਚੇ, ਭੈਣ-ਭਰਾ ਜਾਂ ਮਾਤਾ-ਪਿਤਾ ਹਨ ਜਿਨ੍ਹਾਂ 'ਤੇ ਤੁਸੀਂ ਨਿਰਭਰ ਹੋ, ਜਾਂ ਜੋ ਤੁਹਾਡੇ 'ਤੇ ਨਿਰਭਰ ਹੈ, ਤਾਂ ਹਰੇਕ ਵਿਅਕਤੀ ਲਈ ਇੱਕ ਨਵਾਂ ਭਾਗ ਬਣਾਉਣ ਲਈ 'ਡੁਪਲੀਕੇਟ ਭਾਗ' ਬਟਨ 'ਤੇ ਕਲਿੱਕ ਕਰੋ।*


| | |
|---|---|
| ਵਿਅਕਤੀ ਨਾਲ ਰਿਸ਼ਤਾ | ☐ ਬੱਚਾ (ਬਾਲਗ)<br>☐ ਭੈਣ-ਭਰਾ<br>☐ ਮਾਤਾ-ਪਿਤਾ |
| **ਕਿਰਪਾ ਕਰਕੇ ਚੁਣੋ:**<br>☐ ਇਹ ਵਿਅਕਤੀ ਮੇਰੀ ਸਹਾਇਤਾ 'ਤੇ ਨਿਰਭਰ ਕਰਦਾ ਹੈ।<br>☐ ਮੈਂ ਇਸ ਵਿਅਕਤੀ ਦੀ ਸਹਾਇਤਾ 'ਤੇ ਨਿਰਭਰ ਕਰਦਾ ਹਾਂ। | |
| ਪਹਿਲਾ ਨਾਮ | |
| ਉਪਨਾਮ | |
| ਵਰਤੇ ਗਏ ਹੋਰ ਨਾਮ | |
| ਉਮਰ | |
| ਲਿੰਗ | |
| ਜਨਮ ਮਿਤੀ (ਦਿਨ/ਮਹੀਨਾ/ਸਾਲ) | |
| ਜਨਮ ਸਥਾਨ | |
| ਨਿਰਭਰਤਾ ਸੰਬੰਧ ਦਾ ਪ੍ਰਕਾਰ (ਕਈ ਵਿਕਲਪ ਚੁਣ ਸਕਦੇ ਹੋ) | ਇਸ ਵਿਅਕਤੀ ਦੇ ਤੁਹਾਡੀ ਸਹਾਇਤਾ 'ਤੇ ਨਿਰਭਰ ਹੋਣ ਦਾ ਕਾਰਨ ਚੁਣੋ ਜਾਂ ਤੁਸੀਂ ਇਸ ਵਿਅਕਤੀ ਦੀ ਸਹਾਇਤਾ 'ਤੇ ਕਿਉਂ ਨਿਰਭਰ ਹੋ:<br>☐ ਗਰਭ ਅਵਸਥਾ<br>☐ ਨਵਜੰਮੇ ਬੱਚੇ ਦੀ ਦੇਖਭਾਲ ਕਰਨਾ<br>☐ ਗੰਭੀਰ ਮਾਨਸਿਕ ਬਿਮਾਰੀ ਤੋਂ ਪੀੜਤ<br>☐ ਗੰਭੀਰ ਸਰੀਰਕ ਬਿਮਾਰੀ ਤੋਂ ਪੀੜਤ<br>☐ ਗੰਭੀਰ ਵਿਕਲਾਂਗਤਾ<br>☐ ਗੰਭੀਰ ਮਨੋਵਿਗਿਆਨਕ ਟ੍ਰਾਮਾ<br>☐ ਬਜ਼ੁਰਗ ਅਵਸਥਾ<br>☐ ਹੋਰ (ਕਿਰਪਾ ਕਰਕੇ ਦੱਸੋ): |
| EU+ ਦੇਸ਼ਾਂ ਵਿੱਚ ਮੌਜੂਦਾ ਸਥਾਨ (ਦੇਸ਼, ਸ਼ਹਿਰ) | |
| EU+ ਦੇਸ਼ ਵਿੱਚ ਵਿਅਕਤੀ ਦੀ ਰਿਹਾਇਸ਼ ਦੀ ਸਥਿਤੀ | ☐ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ<br>☐ ਅੰਤਰਰਾਸ਼ਟਰੀ ਸੁਰੱਖਿਆ ਦਾ ਲਾਭਪਾਤਰੀ<br>☐ ਲੰਬੇ ਸਮੇਂ ਲਈ ਰਿਹਾਇਸ਼<br>☐ ਨਿਵਾਸੀ<br>☐ ਨਾਗਰਿਕ<br>☐ ਨਹੀਂ ਜਾਣਦਾ/ਜਾਣਦੀ |
| ਮੂਲ ਦੇਸ਼ ਤੋਂ ਜਾਣ ਦੀ ਮਿਤੀ | |
| ਰਾਸ਼ਟਰੀਅਤਾ/ਵਾਂ | |
| ਨਿੱਜੀ ਨੰਬਰ / ਕੇਸ ਨੰਬਰ (ਜੇਕਰ EU+ ਦੇਸ਼ ਵਿੱਚ ਇੱਕ ਪਛਾਣ ਨੰਬਰ ਉਪਲਬਧ ਹੈ) | |
| ਪਤਾ/ਰਿਹਾਇਸ਼ | |
| ਸੰਪਰਕ ਵੇਰਵੇ (ਈਮੇਲ ਪਤਾ, ਸੋਸ਼ਲ ਮੀਡੀਆ ਅਕਾਉਂਟ, ਫ਼ੋਨ ਨੰਬਰ) | |

| **ਮੁੜ ਮਿਲਣ ਦੀ ਇੱਛਾ** |
|---|
| ਕੀ ਤੁਸੀਂ ਇਸ ਵਿਅਕਤੀ ਨਾਲ ਦੁਬਾਰਾ ਮਿਲਣਾ ਚਾਹੋਗੇ?<br>☐ ਹਾਂ, ਮੈਂ ਦੁਬਾਰਾ ਮਿਲਣਾ ਚਾਹਾਂਗਾ।<br>**ਇਸ ਸਥਿਤੀ ਵਿੱਚ, ਤੁਹਾਨੂੰ ਅਤੇ ਤੁਹਾਡੇ ਪਰਿਵਾਰਕ ਮੈਂਬਰ ਨੂੰ ਲਿਖਤੀ ਰੂਪ ਵਿੱਚ ਆਪਣੀ ਰਸਮੀ ਸਹਿਮਤੀ ਦੇਣ ਦੀ ਲੋੜ ਹੋਵੇਗੀ। ਰਸਮੀ ਸਹਿਮਤੀ ਇੱਕ ਵੱਖਰੇ ਰੂਪ ਵਿੱਚ ਮੰਗੀ ਜਾਵੇਗੀ।**<br>☐ ਨਹੀਂ, ਮੈਂ ਦੁਬਾਰਾ ਮਿਲਣਾ ਨਹੀਂ ਚਾਹੁੰਦਾ।<br>ਜੇਕਰ ਤੁਸੀਂ ਦੁਬਾਰਾ ਮਿਲਣਾ ਨਹੀਂ ਚਾਹੁੰਦੇ, ਤਾਂ ਤੁਸੀਂ ਇਸਦਾ ਕਾਰਨ ਦੱਸ ਸਕਦੇ ਹੋ। ਇਸ ਜਾਣਕਾਰੀ ਨੂੰ ਗੋਪਨੀਯ ਰੱਖਿਆ ਜਾਵੇਗਾ। |
| **ਸੰਭਾਵੀ ਕਮਜ਼ੋਰੀਆਂ ਜਾਂ ਮਾਨਵਤਾਵਾਦੀ ਕਾਰਨਾਂ ਬਾਰੇ ਸੰਬੰਧਿਤ ਜਾਣਕਾਰੀ** |
| ਤੁਸੀਂ ਇੱਥੇ ਕਿਸੇ ਵੀ ਸੰਬੰਧਿਤ ਜਾਣਕਾਰੀ ਦਾ ਜ਼ਿਕਰ ਕਰ ਸਕਦੇ ਹੋ ਜੋ ਅਥਾਰਿਟੀਜ਼ ਲਈ ਤੁਹਾਡੇ ਪਰਿਵਾਰਕ ਮੈਂਬਰ (ਕੋਈ ਕਮਜ਼ੋਰੀਆਂ, ਵਿਸ਼ੇਸ਼ ਜ਼ਰੂਰਤਾਂ ਜਾਂ ਮਾਨਵਤਾਵਾਦੀ ਕਾਰਨਾਂ) ਬਾਰੇ ਜਾਣੂ ਹੋਣਾ ਮਹੱਤਵਪੂਰਨ ਹੈ। |
| **ਇਸ ਵਿਅਕਤੀ ਨਾਲ ਤੁਹਾਡਾ ਆਖਰੀ ਵਾਰ ਸੰਪਰਕ ਕਦੋਂ ਅਤੇ ਕਿੱਥੇ ਹੋਇਆ ਸੀ?** |
| |
| **ਕੀ ਕੋਈ ਹੋਰ ਹੈ ਜਿਸਨੂੰ ਤੁਹਾਡੇ ਪਰਿਵਾਰਕ ਮੈਂਬਰ ਦੇ ਠਿਕਾਣੇ ਬਾਰੇ ਪਤਾ ਹੋ ਸਕਦਾ ਹੈ? ਜੇਕਰ ਅਜਿਹਾ ਹੈ, ਤਾਂ ਕਿਰਪਾ ਕਰਕੇ ਉਨ੍ਹਾਂ ਦੇ ਸੰਪਰਕ ਦੇ ਵੇਰਵੇ ਪ੍ਰਦਾਨ ਕਰੋ। ਕੀ ਤੁਸੀਂ ਇਸ ਵਿਅਕਤੀ ਨਾਲ ਕਦੇ ਸੰਪਰਕ ਕੀਤਾ ਹੈ?** |
| |
| **ਕੀ ਤੁਸੀਂ ਇਸ ਵਿਅਕਤੀ ਨੂੰ ਲੱਭਣ ਲਈ ਕਿਸੇ ਸੰਸਥਾ ਨਾਲ ਸੰਪਰਕ ਕੀਤਾ ਹੈ? *ਜੇਕਰ ਹਾਂ, ਤਾਂ ਕਿਰਪਾ ਕਰਕੇ ਵਿਸਥਾਰ ਵਿੱਚ ਦੱਸੋ (ਸੰਗਠਨ ਦਾ ਨਾਮ, ਟਰੇਸਿੰਗ ਦੀ ਸਥਿਤੀ / ਨਤੀਜਾ)।*** |
| |
| **ਤੁਹਾਡੇ ਕੋਲ ਰਿਸ਼ਤੇ ਨੂੰ ਸਾਬਤ ਕਰਨ ਵਾਲੇ ਦਸਤਾਵੇਜ਼ਾਂ/ਪ੍ਰਮਾਣਾਂ ਦਾ ਵਰਣਨ ਕਰੋ।**<br>ਉਦਾਹਰਣ ਵਜੋਂ, ਵਿਆਹ ਦਾ ਸਰਟੀਫਿਕੇਟ, ਜਨਮ ਸਰਟੀਫਿਕੇਟ, ਪਛਾਣ ਦਸਤਾਵੇਜ਼ਾਂ ਦੀ ਕਾਪੀ, ਪਰਿਵਾਰਕ ਮੈਂਬਰ ਦੀਆਂ ਫੋਟੋਆਂ, ਹੋਰ। ਤੁਹਾਨੂੰ ਇਹ ਦਸਤਾਵੇਜ਼ ਜਾਂ ਇਹ ਸਬੂਤ ਜਮ੍ਹਾਂ ਕਰਾਉਣ ਦੀ ਲੋੜ ਹੋਵੇਗੀ। |
| |
| **ਹੋਰ ਸੰਬੰਧਿਤ ਜਾਣਕਾਰੀ** |
| |

ਡੁਪਲੀਕੇਟ ਸੈਕਸ਼ਨ

## ਭਾਗ 5. ਪਰਿਵਾਰਕ ਟ੍ਰੀ (ਵਿਕਲਪਿਕ)

ਤੁਸੀਂ ਹੇਠਾਂ ਦਿੱਤੇ ਬਕਸੇ ਵਿੱਚ ਆਪਣਾ ਪਰਿਵਾਰ ਦਾ ਟ੍ਰੀ ਬਣਾ ਸਕਦੇ ਹੋ। ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਨੂੰ ਦਰਸਾਉਂਦੇ ਹੋ। ਤੁਹਾਡੇ ਨਜ਼ਦੀਕੀ ਪਰਿਵਾਰਕ ਮੈਂਬਰ ਤੁਹਾਡੇ ਜੀਵਨ ਸਾਥੀ ਅਤੇ ਤੁਹਾਡੇ ਬੱਚੇ ਜਾਂ ਬੱਚੇ, ਤੁਹਾਡੇ ਮਾਤਾ-ਪਿਤਾ ਅਤੇ ਤੁਹਾਡੇ ਭੈਣ-ਭਰਾ ਹਨ। ਜੇਕਰ ਸੰਭਵ ਹੋਵੇ, ਤਾਂ ਦੱਸੋ ਕਿ ਤੁਹਾਡਾ ਪਰਿਵਾਰਕ ਮੈਂਬਰ ਇਸ ਸਮੇਂ ਕਿਸ ਦੇਸ਼ ਵਿੱਚ ਰਹਿ ਰਿਹਾ ਹੈ। ਤੁਹਾਡੇ ਪਰਿਵਾਰਕ ਟ੍ਰੀ ਦੀ ਇੱਕ ਉਦਾਹਰਣ ਹੇਠਾਂ ਦਿੱਤੀ ਤਸਵੀਰ ਵਿੱਚ ਦਿਖਾਈ ਗਈ ਹੈ।




***ਇਸ ਭਾਗ ਵਿੱਚ ਕਿਸੇ ਵੀ ਵਾਧੂ ਪਰਿਵਾਰਕ ਮੈਂਬਰਾਂ ਨਾਲ ਸਬੰਧਤ ਜਾਣਕਾਰੀ ਭਰੋ***